# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 23 ਅਕਤੂਬਰ 2025 ਦਿਨ ਵੀਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਡਰੀਮਲੈਂਡ ਸਕੂਲ 'ਚ ਵਿਦਿਆਰਥੀਆਂ ਨੇ ਉੱਦਮੀ ਸਿੱਖਿਆ ਪ੍ਰੋਜੈਕਟ ਤਹਿਤ ਮਨਾਇਆ ਦੀਵਾਲੀ ਦਾ ਤਿਉਹਾਰ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 23 ਅਕਤੂਬਰ : ਸਥਾਨਕ ਡਰੀਮਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਨੌਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਅਧਿਆਪਕ ਦੀ ਅਗਵਾਈ ਹੇਠ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਿਆਰ੍ਹਵੀਂ ਜਮਾਤ ਵਿੱਚ ਸ਼ਾਮਿਲ ਕੀਤੇ ਇੱਕ ਵਿਸ਼ੇ ਉੱਦਮੀ ਸਿੱਖਿਆ ਪ੍ਰੋਜੈਕਟ ਤਹਿਤ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ। ਵਿਦਿਆਰਥੀਆਂ ਨੇ ਇਸ ਵਿਸ਼ੇ ਤਹਿਤ ਇੱਕ ਮੇਲੇ ਦਾ ਆਯੋਜਨ ਕੀਤਾ, ਜਿਸ ਵਿੱਚ ਉਨ੍ਹਾਂ ਨੇ ਤਰ੍ਹਾਂ-ਤਰ੍ਹਾਂ ਦੇ ਭੋਜਨ ਦੀਆਂ ਸਟਾਲਾਂ ਲਾਈਆਂ। ਜਿਸ ਵਿੱਚ



ਬੱਚਿਆਂ ਨੇ ਆਪ ਚੀਜ਼ਾਂ ਤਿਆਰ ਕਰਕੇ ਪ੍ਰਦਰਸ਼ਿਤ ਕੀਤੀਆਂ। ਬੱਚਿਆਂ ਨੇ ਬਹੁਤ ਹੀ ਘੱਟ ਰੇਟ 'ਚ ਵਿੱਕਰੀ ਕੀਤੀ। ਇਸ ਮੇਲੇ ਵਿੱਚ ਬੱਚਿਆਂ ਨੇ ਕਈ ਖੇਡਾਂ ਦੀਆਂ ਸਟਾਲਾਂ ਵੀ ਲਾਈਆਂ ਤੇ ਮਹਿੰਦੀ, ਹੱਥ ਦੀਆਂ ਬਣੀਆਂ ਹੋਈਆਂ ਵਸਤੂਆਂ ਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਦੀਆਂ ਸਟਾਲਾਂ ਵੀ ਲਾਈਆਂ, ਜੋ ਕਿ ਬਹੁਤ ਹੀ ਵਾਜਬ ਰੇਟਾਂ 'ਤੇ ਸਨ। ਤੀਸਰੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਖਾਣ-ਪੀਣ ਅਤੇ ਖੇਡਣ ਦੀਆਂ ਸਟਾਲਾਂ ਦਾ ਬਹੁਤ ਆਨੰਦ ਮਾਣਿਆ ਅਤੇ ਸਟਾਲਾਂ ਤੋਂ ਖਰੀਦਦਾਰੀ ਕਰਕੇ ਉਨ੍ਹਾਂ ਦਾ ਹੌਂਸਲਾ ਵਧਾਇਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪ੍ਰਿੰਸੀਪਲ ਰਾਕੇਸ਼ ਸ਼ਰਮਾ ਵੱਲੋਂ ਰਿਬਨ ਕੱਟ ਦੇ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਰਾਕੇਸ਼ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਮੈਡਮ ਜਸਪ੍ਰੀਤ ਕੌਰ ਅਤੇ ਮੈਡਮ ਨਿਸ਼ਾ ਸਿੰਗਲਾ ਦੀ ਅਗਵਾਈ ਵਿੱਚ ਇਹ ਸਾਰਾ ਕਾਰਜਕ੍ਰਮ ਕੀਤਾ ਗਿਆ। ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਯੋਗ ਅਗਵਾਈ ਦਿੱਤੀ। ਕਾਮਰਸ ਜਮਾਤ ਦੇ ਵਿਦਿਆਰਥੀਆਂ ਨੇ ਬੈਂਕਿੰਗ ਸੈਕਟਰ ਨੂੰ ਸੰਭਾਲਿਆ। ਮੈਡਮ ਰਾਜਵਿੰਦਰ ਕੌਰ, ਅਧਿਆਪਕ ਪ੍ਰਦੀਪ ਕੁਮਾਰ ਅਤੇ ਸੰਦੀਪ ਸ਼ਰਮਾ ਨੇ ਮੈਨੇਜਮੈਂਟ ਨੂੰ ਬਾਖ਼ੂਬੀ ਸੰਭਾਲਿਆ। ਸਕੂਲ ਦੇ ਚੇਅਰਮੈਨ ਪ੍ਰਕਾਸ਼ ਚੰਦ ਸ਼ਰਮਾ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਉਤਸ਼ਾਹ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਦੇ ਆਯੋਜਨ ਨਾਲ ਵਿਦਿਆਰਥੀਆਂ ਵਿੱਚ ਬਿਜਨੈਸ ਮਨੈਜਮੈਂਟ, ਟੀਮ ਵਰਕ, ਸਹਿਣਸ਼ੀਲਤਾ, ਨਿਪੁੰਨਤਾ ਅਤੇ ਕਲਾ ਪੈਦਾ ਕੀਤੀ ਜਾ ਸਕਦੀ ਹੈ। ਮੈਡਮ ਨਵਪ੍ਰੀਤ ਸ਼ਰਮਾ ਨੇ ਦੱਸਿਆ ਕਿ ਪਹਿਲੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਦੀਵਾ ਸਜਾਉਣ, ਗਰੀਟਿੰਗ ਕਾਰਡ ਬਣਾਉਣ ਦਾ ਮੁਕਾਬਲਾ ਕਰਵਾਇਆ ਗਿਆ। ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਰੰਗੋਲੀ ਬਣਾਉਣ, ਬਲੈਕ ਬੋਰਡ ਸਜਾਉਣ ਅਤੇ ਕੁਕਿੰਗ ਦਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਜਮਾਤ ਦੇ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਸੱਤਵੀਂ (ਰੋਜ਼) ਜਮਾਤ ਦੇ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਾ ਅਤੇ ਟੀਮ ਵਰਕ ਨਾਲ ਪਹਿਲਾ ਸਥਾਨ ਹਾਸਿਲ ਕੀਤਾ। ਇਹ ਸਾਰਾ ਪ੍ਰੋਗਰਾਮ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਸਿੱਖਿਆ ਅਤੇ ਮਨੋਰੰਜਨ ਦਾ ਸੁੰਦਰ ਮਿਲਾਪ ਸਾਬਤ ਹੋਇਆ ਅਤੇ ਸਾਰਿਆਂ ਲਈ ਯਾਦਗਾਰ ਦਿਨ ਬਣ ਗਿਆ।

## ਗੁੱਡ ਮੌਰਨਿੰਗ ਕਲੱਬ ਨੇ ਬਹੁਤਕਨੀਕੀ ਕਾਲਜ ਵਿਖੇ ਲਾਏ ਵੱਖ-ਵੱਖ ਕਿਸਮਾ ਦੇ ਬੂਟੇ

### ਮੁੱਖ ਮਹਿਮਾਨ ਸਪੀਕਰ ਸੰਧਵਾਂ ਨੇ ਬੂਟੇ ਲਾਉਣ ਦੀ ਕੀਤੀ ਸ਼ੁਰੂਆਤ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ

ਕੋਟਕਪੂਰਾ, 23 ਅਕਤੂਬਰ : 'ਗੁੱਡ ਮੌਰਨਿੰਗ ਵੈਲਫੇਅਰ ਕਲੱਬ' ਵੱਲੋਂ ਵਾਤਾਵਰਣ ਦੀ ਸੰਭਾਲ ਅਤੇ ਲਗਾਤਾਰ ਬੂਟੇ ਲਾਉਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਕਲੱਬ ਦੇ ਪ੍ਰਧਾਨ ਡਾ ਮਨਜੀਤ ਸਿੰਘ ਢਿੱਲੋਂ, ਚੇਅਰਮੈਨ ਪੱਪੂ ਲਹੌਰੀਆ ਅਤੇ ਮੁੱਖ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਦੀ ਅਗਵਾਈ ਹੇਠ ਸਥਾਨਕ ਦੇਵੀਵਾਲਾ/ਮੋਗਾ ਸੜਕ 'ਤੇ ਸਥਿੱਤ ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਵੱਖ-ਵੱਖ ਕਿਸਮ ਦੇ 100 ਫਲਦਾਰ, ਛਾਂਦਾਰ ਅਤੇ ਵਿਰਾਸਤੀ ਬੂਟੇ ਲਾਏ ਗਏ। ਬੂਟੇ ਲਾਉਣ ਵਾਲੀ ਮੁਹਿੰਮ ਦੇ ਪ੍ਰੋਜੈਕਟ ਇੰਚਾਰਜ ਲੈਕ. ਵਿਨੋਦ ਧਵਨ ਮੁਤਾਬਿਕ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਲੱਬ ਦੇ ਉਕਤ ਉਪਰਾਲੇ ਦੀ ਭਰਪੂਰ ਪ੍ਰਸੰਸਾ ਕਰਦਿਆਂ ਆਖਿਆ ਕਿ ਅੱਜ ਪਲੀਤ ਹੋ ਰਹੇ ਵਾਤਾਵਰਣ ਦੀ ਸਮੱਸਿਆ ਬਹੁਤ ਵੱਡੀ ਚੁਣੌਤੀ ਹੈ। ਉਹਨਾਂ ਕਿਹਾ ਕਿ ਜੇਕਰ ਅਜੇ ਵੀ ਨਾ ਸੰਭਲੇ ਤਾਂ ਆਉਣ ਵਾਲੀ ਨਵੀਂ ਪੀੜੀ ਦਾ ਭਵਿੱਖ ਸੁਰੱਖਿਅਤ ਨਹੀਂ। ਸਪੀਕਰ ਸੰਧਵਾਂ ਨੇ ਪਹਿਲਾਂ ਕਾਲਜ ਦੇ ਪ੍ਰਿੰਸੀਪਲ ਸਮੇਤ ਸਮੁੱਚੇ ਸਟਾਫ ਨਾਲ ਇਕ ਬੂਟਾ ਲਾਇਆ ਅਤੇ ਫਿਰ ਕਲੱਬ ਦੇ ਮੈਂਬਰਾਂ ਤੋਂ ਇਲਾਵਾ ਵੱਖ ਵੱਖ ਸ਼ਖਸ਼ੀਅਤਾਂ ਨਾਲ ਵੱਖ ਵੱਖ ਕਿਸਮ ਦੇ ਬੂਟੇ ਲਾ ਕੇ ਮੁਹਿੰਮ ਦੀ ਸ਼ੁਰੂਆਤ ਕੀਤੀ। ਉਹਨਾ ਹੈਰਾਨੀ ਪ੍ਰਗਟਾਈ ਕਿ ਇਸ ਵਾਰ ਪੰਜਾਬ ਵਿੱਚ ਕਿਸਾਨਾ ਨੇ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਾਈ ਪਰ ਫਿਰ ਵੀ ਦਿੱਲੀ ਦੀ ਸਰਕਾਰ ਉੱਥੋਂ ਦੇ ਪ੍ਰਦੂਸ਼ਣ ਦਾ ਦੋਸ਼ ਆਪਣੇ ਨਾਲ ਲੱਗਦੇ ਰਾਜਾਂ ਦੀ ਬਜਾਇ





ਪੰਜਾਬ ਸਿਰ ਮੜ ਰਹੀ ਹੈ। ਗੌਰਮਿੰਟ ਪੋਲੀਟੈਕਨਿਕ ਕਾਲਜ ਦੇ ਪ੍ਰਿੰਸੀਪਲ ਸੁਰੇਸ਼ ਕੁਮਾਰ ਨੇ ਦੱਸਿਆ ਕਿ ਕਰੀਬ ਤਿੰਨ ਮਹੀਨੇ ਪਹਿਲਾਂ ਵੀ ਗੁੱਡ ਮੌਰਨਿੰਗ ਕਲੱਬ ਨੇ 27 ਜੁਲਾਈ ਨੂੰ ਇੱਥੇ ਵੱਖ ਵੱਖ ਕਿਸਮ ਦੇ 100 ਬੂਟੇ ਲਾਏ ਸਨ, ਜੋ ਤਿੰਨ ਤਿੰਨ ਜਾਂ ਚਾਰ-ਚਾਰ ਫੁੱਟ ਹੋ ਚੁੱਕੇ ਹਨ, ਸਟਾਫ ਵਲੋਂ ਉਹਨਾ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ ਅਤੇ ਅੱਜ ਲਾਏ ਗਏ ਬੂਟਿਆਂ ਦੀ ਵੀ ਸਟਾਫ ਵੱਲੋਂ ਧਿਆਨ ਨਾਲ ਸਾਂਭ ਸੰਭਾਲ ਕੀਤੀ ਜਾਵੇਗੀ। ਉਪ ਚੇਅਰਮੈਨ ਸੁਨੀਲ ਕੁਮਾਰ ਬਿੱਟਾ ਗਰੋਵਰ, ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਸਿੰਘ ਸਦਿਉੜਾ ਅਤੇ ਐਨ.ਆਰ.ਆਈ. ਵਿੰਗ ਦੇ ਇੰਚਾਰਜ ਠੇਕੇਦਾਰ ਪ੍ਰੇਮ ਮੈਣੀ ਨੇ ਦੱਸਿਆ ਕਿ ਗੁੱਡ ਮੌਰਨਿੰਗ ਕਲੱਬ ਵਲੋਂ ਪਿਛਲੇ ਸਾਲ ਲਾਏ ਗਏ 11 ਹਜਾਰ ਵੱਖ-ਵੱਖ ਕਿਸਮ ਦੇ ਬੂਟਿਆਂ ਦੀ ਬਕਾਇਦਾ ਸੰਭਾਲ ਕੀਤੀ ਗਈ ਅਤੇ ਇਸ ਸਾਲ ਵੀ ਜਿੱਥੇ ਜਿੱਥੇ ਬੂਟੇ ਲਾਏ ਜਾਂਦੇ ਹਨ, ਉਹਨਾਂ ਦੀ ਬਕਾਇਦਾ ਸੰਭਾਲ ਵੀ ਕੀਤੀ ਜਾਂਦੀ ਹੈ। ਉਹਨਾ ਦੱਸਿਆ ਕਿ ਜਿਸ ਤਰ੍ਹਾਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਖੁਦ ਕੁਦਰਤ ਪ੍ਰੇਮੀ ਹਨ ਅਤੇ ਕੁਦਰਤ ਨਾਲ ਖਿਲਵਾੜ ਕਰਨ ਵਾਲੇ ਕਾਰਜਾਂ ਦੇ ਵਿਰੁੱਧ ਹਨ, ਉਸੇ ਤਰ੍ਹਾਂ ਗੁੱਡ ਮੌਰਨਿੰਗ ਕਲੱਬ ਵਲੋਂ ਵੀ ਕੁਦਰਤ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਵਰਜ਼ ਕੇ ਜਾਂ ਪ੍ਰੇਰ ਕੇ ਕੁਦਰਤ ਪ੍ਰੇਮੀ ਬਣਨ ਸਬੰਧੀ ਅਕਸਰ ਪ੍ਰੇਰਿਤ ਕੀਤਾ ਜਾਂਦਾ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਡਾ ਐਸ ਐਸ ਬਰਾੜ, ਸੰਜੀਵ ਰਾਏ ਮਿੰਟਾ ਸ਼ਰਮਾ, ਜਸਕਰਨ ਸਿੰਘ ਭੱਟੀ, ਓਮ ਪ੍ਰਕਾਸ਼ ਗੁਪਤਾ, ਦਰਸ਼ਨ ਸਿੰਘ ਆਰੇਵਾਲਾ, ਸੁਖਵਿੰਦਰ ਸਿੰਘ ਬਾਗੀ, ਪਰਮਜੀਤ ਸਿੰਘ ਪੰਮਾ ਮੱਕੜ, ਗੁਰਮੀਤ ਸਿੰਘ ਮੀਤਾ, ਸਰਨ ਕੁਮਾਰ ਆਦਿ ਸਮੇਤ ਹੋਰ ਵੀ ਅਨੇਕਾਂ ਪਤਵੰਤੇ, ਉੱਘੀਆਂ ਸ਼ਖਸ਼ੀਅਤਾਂ ਅਤੇ ਕਾਲਜ ਦਾ ਸਮੁੱਚਾ ਸਟਾਫ ਹਾਜਰ ਸੀ।

## 18ਵੇਂ ਰਾਜ ਪੱਧਰੀ 'ਰਾਜ ਰਤਨ ਪੁਰਸਕਾਰ' ਨਾਲ ਸਨਮਾਨਿਤ ਹੋਣ ਜਾ ਰਹੀਆਂ ਸ਼ਖਸੀਅਤਾਂ ਦਾ ਐਲਾਨ

### ਫਰੀਦਕੋਟ ਮੰਡਲ ਕਮਿਸ਼ਨਰ ਮਨਜੀਤ ਸਿੰਘ ਬਰਾੜ ਹੋਣਗੇ ਮੁੱਖ ਮਹਿਮਾਨ – ਬਾਈ ਭੋਲਾ ਯਮਲਾ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ 23 ਅਕਤੂਬਰ : ਕਲਾ, ਸੱਭਿਆਚਾਰ, ਸਾਹਿਤ ਅਤੇ ਲੋਕ ਭਲਾਈ ਨੂੰ ਸਮਰਪਿਤ ਦੇਸ਼ ਦੀ ਪ੍ਰਮੁੱਖ ਸੰਸਥਾ ਇੰਡਕ ਆਰਟਸ ਵੈਲਫੇਅਰ ਕੌਂਸਲ ਵੱਲੋਂ ਸਾਲਾਨਾ 18ਵਾਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ ਅਤੇ ਵਿਰਾਸਤ ਮੇਲਾ – 2025 ਆਉਣ ਵਾਲੇ 28 ਅਕਤੂਬਰ 2025 (ਮੰਗਲਵਾਰ) ਨੂੰ ਲਵ ਪੰਜਾਬ ਫਾਰਮ, ਨੈਸ਼ਨਲ ਹਾਈਵੇ-54, ਕੋਟਕਪੂਰਾ ਵਿਖੇ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਕੋਪਲ ਕੰਪਨੀ ਸੁਲਰ ਘਰਾਟ, ਵਿੱਕੀ ਬੌਲੀਵੁੱਡ ਕੋਟਕਪੂਰਾ, ਬਰਾੜ ਅੱਖਾਂ ਦਾ ਹਸਪਤਾਲ ਦੇ ਸਹਿਯੋਗ ਨਾਲ ਧੂਮਧਾਮ ਨਾਲ ਆਯੋਜਿਤ ਕੀਤਾ ਜਾ ਰਿਹਾ ਹੈ।

ਕੌਂਸਲ ਦੇ ਸਰਪ੍ਰਸਤ ਹਰਦੀਪ ਸਿੰਘ ਕਿੰਗਰਾ (ਆਈ.ਐਫ.ਐਸ. ਸੇਵਾ ਮੁਕਤ) ਅਤੇ ਸੰਸਥਾਪਕ- ਡਾਇਰੈਕਟਰ ਪ੍ਰੋ. ਬਾਈ ਭੋਲਾ ਯਮਲਾ ਜੀ ਦੀ ਯੋਗ ਅਗਵਾਈ ਵਿੱਚ ਹੋਣ ਜਾ ਰਹੇ ਇਸ ਸੂਬਾ ਪੱਧਰੀ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਮਨਜੀਤ ਸਿੰਘ ਬਰਾੜ (ਆਈਏਐਸ), ਮਾਨਯੋਗ ਮੰਡਲ ਕਮਿਸ਼ਨਰ, ਫਰੀਦਕੋਟ ਹੋਣਗੇ । ਇਸ ਮੌਕੇ ਉੱਤੇ ਵਿਸ਼ੇਸ਼ ਮਹਿਮਾਨਾਂ ਵਿੱਚ ਸੁੱਚਾ ਸਿੰਘ ਸਹੋਤਾ (ਅਰਜੁਨਾ ਅਵਾਰਡੀ), ਡਾ. ਨਿਰਭੈ ਸਿੰਘ (ਉਪ ਸਕੱਤਰ, ਵਿਜੀਲੈਂਸ, ਭਾਰਤ ਸਰਕਾਰ, ਨਵੀਂ ਦਿੱਲੀ), ਸੰਜੀਵ ਬਾਂਸਲ (ਐਮ.ਡੀ. ਕੋਪਲ ਕੰਪਨੀ ਸੁਲਰ ਘਰਾਟ ), ਸਾਬਕਾ ਡੀਟੀਓ ਗੁਰਚਰਨ ਸਿੰਘ ਸੰਧੂ, ਡਾ. ਹਰਕੇਸ਼ ਸਿੰਘ ਸਿੱਧੂ (ਆਈਏਐਸ), ਕੁਲਜੀਤ ਸਿੰਘ ਬੇਦੀ (ਡਿਪਟੀ ਮੇਅਰ ਮੋਹਾਲੀ), ਡਾ. ਪ੍ਰਭਜੋਤ ਸਿੰਘ ਬਰਾੜ, ਡਾ. ਗੁਰਚਰਨ ਕੌਰ ਕੋਚਰ, ਡਾ. ਹਰੀ ਸਿੰਘ ਜਾਚਕ ਅਤੇ ਯਾਦਵਿੰਦਰ ਸਿੰਘ ਬਾਵਾ ਲਾਲੀ ਸ਼ਾਮਲ ਹੋਣਗੇ।

## ਮਾਂ -ਬੋਲੀ ਪੰਜਾਬੀ ਅਤੇ ਵਿੱਦਿਆ ਦਾ ਪਹਿਰੇਦਾਰ ਅੰਗਰੇਜ਼ੀ ਅਧਿਆਪਕ: ਸ਼ਮਸ਼ੀਲ ਸਿੰਘ ਸੋਢੀ

ਵਰਲਡ ਪੰਜਾਬੀ ਟਾਈਮਜ਼ — ਮੰਗਤ ਗਰਗ



ਜਿੱਥੇ ਤੇਜ਼ੀ ਨਾਲ ਬਦਲਦੇ ਯੁੱਗ ਦੀ ਦੌੜ -ਭੱਜ ਨੇ ਮਨੁੱਖੀ ਅਹਿਸਾਸਾਂ ਨੂੰ ਕਿਤੇ ਪਿੱਛੇ ਛੱਡ ਦਿੱਤਾ ਹੈ, ਉੱਥੇ ਹੀ ਸਾਡੇ ਸਮਾਜ ਵਿੱਚ ਕੁਝ ਸ਼ਖ਼ਸ ਅਜਿਹੇ ਨੇ ਜੋ ਸ਼ਬਦਾਂ ਰਾਹੀਂ ਮਨੁੱਖੀ ਭਾਵਨਾਵਾਂ ਨੂੰ ਜਿਉਂਦਾ ਰੱਖ ਰਹੇ ਹਨ। ਆਪਣੇ ਇਹ ਲੇਖ ਰਾਹੀਂ ਮੈਂ ਜਿਸ ਸ਼ਖ਼ਸ ਦਾ ਜ਼ਿਕਰ ਕਰ ਰਿਹਾ ਹਾਂ ,ਉਹ ਹੈ ਚੰਡੀਗੜ੍ਹ ਵਿਖੇ ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਨਾਲ਼ ਸਬੰਧਿਤ ਡੈਪੂਟੇਸ਼ਨ ਤੇ ਚੰਡੀਗੜ੍ਹ ਸਿੱਖਿਆ ਵਿਭਾਗ ਵਿੱਚ ਬਤੌਰ ਅੰਗਰੇਜ਼ੀ ਅਧਿਆਪਕ ਵਜੋਂ ਕੰਮ ਕਰਨ ਵਾਲੇ ਸ਼ਮਸ਼ੀਲ ਸਿੰਘ ਸੋਢੀ ਜੋ ਕਿ ਆਪਣੇ ਕਿੱਤੇ ਦੇ ਨਾਲ਼- ਨਾਲ਼ ਸਕੂਲੀ ਬੱਚਿਆਂ ਨੂੰ ਮਾਂ -ਬੋਲੀ ਪੰਜਾਬੀ ਨਾਲ਼ ਜੋੜਨ ਦੀ ਅਣਥੱਕ ਕੋਸ਼ਿਸ਼ ਕਰਨ ਦਾ ਫਰਜ਼ ਵੀ ਨਿਭਾ ਰਿਹਾ ਹੈ।

ਮੇਰੀ ਸ਼ਮਸ਼ੀਲ ਸੋਢੀ ਨਾਲ਼ ਜਾਣ-ਪਛਾਣ ਉਸ ਦੀ ਲਿਖੀ ਪਲੇਠੀ ਕਿਤਾਬ 'ਮਨ ਦੀਆਂ ਲਿਖਤਾਂ' ਕਰਕੇ ਹੋਈ। ਕੋਵਿਡ ਦੇ ਦੌਰਾਨ ਜਦੋਂ ਦੁਨੀਆਂ ਠਹਿਰ ਗਈ ਸੀ ਤਾਂ ਮੇਰੇ ਇੱਕ ਖ਼ਾਸ ਮਿੱਤਰ ਨੇ ਮੈਨੂੰ ਇੱਕ ਕਿਤਾਬ ਦਿੱਤੀ ਜਿਸ ਦਾ ਸਿਰਲੇਖ ਸੀ "ਮਨ ਦੀਆਂ ਲਿਖਤਾਂ"।

ਮੇਰੇ ਉਸ ਖ਼ਾਸ ਮਿੱਤਰ ਨੇ ਮੈਨੂੰ ਇਹ ਕਿਤਾਬ ਫੜਾਉਣ ਲੱਗਿਆ ਕਿਹਾ, "ਮੰਗਤ ਜੀ,ਇਹ ਨੌਜਵਾਨ ਸ਼ਾਇਰ ਸ਼ਮਸੀਲ ਸੋਢੀ ਦੁਆਰਾ ਮਾਂ ਬੋਲੀ ਪੰਜਾਬੀ ਵਿੱਚ ਲਿਖੀ 183 ਵੱਖ -ਵੱਖ ਸਮਾਜਿਕ ਮੁੱਦਿਆਂ ਨਾਲ਼ ਸਬੰਧਿਤ ਕਵਿਤਾਵਾਂ ਦੀ ਕਿਤਾਬ ਤੁਹਾਡੇ ਮਨ ਨੂੰ ਛੂਹ ਜਾਵੇਗੀ।"ਇਸ ਤੋਂ ਬਾਅਦ ਇੱਕ ਦਿਨ ਜਦੋਂ ਮੈਂ ਇਹ ਕਿਤਾਬ ਪੜ੍ਹਨੀ ਸ਼ੁਰੂ ਕੀਤੀ ਤਾਂ ਕਿਤਾਬ ਦੇ ਪਹਿਲੇ ਹੀ ਪੰਨੇ ਤੋਂ ਲੈ ਕੇ ਤੋਂ ਅੰਤ ਤਾਈਂ ਸਾਰੀਆਂ ਕਵਿਤਾਵਾਂ ਦੇ ਸ਼ਬਦ ਮੇਰੇ ਦਿਲ ਵਿੱਚ ਉਤਰਦੇ ਗਏ। ਮੇਰੇ ਅਨੁਸਾਰ ਸ਼ਮਸ਼ੀਲ ਸੋਢੀ ਦੀ ਇਹ ਪੁਸਤਕ ਉਸ ਦੀ ਸੋਚ ਦਰਸਾਉਂਦੀ ਅਵਾਜ਼ ਹੈ।

ਜਦੋਂ ਇਸ ਪਲੇਠੇ ਕਾਵਿ -ਸੰਗ੍ਰਹਿ ਨੂੰ ਪੜ੍ਹਨ ਤੋਂ ਬਾਅਦ ਸ਼ਮਸ਼ੀਲ ਸੋਢੀ ਨਾਲ਼ ਮੇਰੀ ਗੱਲਬਾਤ ਹੋਈ ਤਾਂ ਨਿਮਰਤਾ ਪੂਰਵਕ ਕਰਦਿਆਂ ਉਸ ਨੇ ਕਿਹਾ, "ਬਾਈ ਜੀ, ਮੈਂ ਤੁਹਾਡੇ ਲਿਖੇ ਲੇਖ ਅਖਬਾਰਾਂ ਵਿੱਚ ਪੜ੍ਹਦਾ ਹਾਂ ਅਤੇ ਇਹਨਾਂ ਲੇਖਾਂ ਤੋਂ ਮੈਨੂੰ ਬਹੁਤ ਸਿੱਖਣ ਨੂੰ ਮਿਲਦਾ ਹੈ।"ਇਹ ਗੱਲ ਸੁਣ ਕੇ ਮੈਨੂੰ ਉਸ ਸਮੇਂ ਮਹਿਸੂਸ ਹੋਇਆ ਕਿ ਇਹ ਵਿਅਕਤੀ ਮਨੁੱਖੀ ਸਲੀਕੇ ਦੇ ਅਰਥ ਵੀ ਜਾਣਦਾ ਹੈ।

ਸ਼ਮਸ਼ੀਲ ਸੋਢੀ ਮੰਨਦਾ ਹੈ ਕਿ "ਸਿੱਖਿਆ ਸਿਰਫ਼ ਕਿਤਾਬਾਂ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ। ਸੱਚੀ ਸਿੱਖਿਆ ਉਹ ਹੈ ਜੋ ਵਿਦਿਆਰਥੀ ਦੇ ਮਨ ਤੱਕ ਪਹੁੰਚੇ।"ਉਹ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਖ਼ਿਆਲ ਰੱਖਦਿਆਂ ਹਰ ਬੱਚੇ ਦਾ ਹੁਨਰ ਪਛਾਣ ਉਸ ਬੱਚੇ ਦੀ ਅੰਦਰ ਛੁਪੀ ਪ੍ਰਤਿਭਾ ਨੂੰ ਉਭਾਰਨ ਦੀ ਕੋਸ਼ਿਸ਼ ਕਰਦਾ ਹੈ।

ਆਪਣੀ ਗੱਲਬਾਤ ਕਰਦਿਆਂ ਸ਼ਮਸ਼ੀਲ ਸੋਢੀ ਦਾ ਕਹਿਣਾ ਹੈ

ਉਹ ਪੰਜਾਬੀ ਸਿਨੇਮਾ ਦੇ ਨਾਮਵਰ ਹਸਤਾਖ਼ਰ ਸ਼ਾਇਰ, ਕਹਾਣੀਕਾਰ ,ਲੇਖਕ ਅਤੇ ਕਲਾਕਾਰ ਰਾਣਾ ਰਣਬੀਰ ਜੀ ਨੂੰ ਆਪਣਾ ਆਦਰਸ਼ ਮੰਨਦਾ ਹੈ। ਸ਼ਮਸ਼ੀਲ ਸੋਢੀ ਨੇ ਵਿਸਥਾਰ ਨਾਲ਼ ਦੱਸਿਆ ਕਿ ਸਾਲ ਦੋ ਹਜ਼ਾਰ ਉੱਨੀਂ ਵਿੱਚ ਦੁਨੀਆਂ ਭਰ ਦੇ ਸਿਨੇਮਾਘਰਾਂ ਵਿੱਚ ਪ੍ਰਦਰਸ਼ਿਤ ਹੋਈ ਪੰਜਾਬੀ ਫ਼ਿਲਮ "ਅਰਦਾਸ ਕਰਾਂ " ਵਿੱਚ' ਅਮਰ ਸਿੰਘ' ਨਾਂਅ ਦਾ ਕਿਰਦਾਰ ਨਿਭਾਉਣ ਵਾਲੀ ਹਰਮਨਪਿਆਰੀ ਸ਼ਖ਼ਸੀਅਤ ਭਾਵ ਪੰਜਾਬੀ ਸਿਨੇਮਾ ਅਤੇ ਰੰਗਮੰਚ ਦੇ ਵੱਡੇ ਅਤੇ ਮਕਬੂਲ ਕਲਾਕਾਰ ਮਲਕੀਤ ਰੌਣੀ ਜੀ ਕਿਰਦਾਰ ਨੇ ਉਨ੍ਹਾਂ ਦੇ ਜੀਵਨ ਦੀ ਨੁਹਾਰ ਹੀ ਬਦਲ ਦਿੱਤੀ ਅਤੇ ਇਸੇ ਫ਼ਿਲਮ ਦੇ ਹਰ ਸ਼ਬਦ ਨੇ ਮੈਨੂੰ ਸੋਚਣ 'ਤੇ ਮਜਬੂਰ ਕੀਤਾ ਕਿ ਜੀਵਨ ਵਿੱਚ ਪੰਜਾਬੀ ਸਾਹਿਤ ਕਿਵੇਂ ਮਨੁੱਖ ਨੂੰ ਸੋਹਣਾ ਜੀਵਨ ਜਿਉਣ ਲਈ ਪ੍ਰੇਰਿਤ ਕਰਦਾ ਹੈ।ਇਸੇ ਪ੍ਰੇਰਣਾ ਤੋਂ ਹੀ ਪ੍ਰੇਰਿਤ ਹੋ ਕੇ ਉਨ੍ਹਾਂ ਨੇ ਆਪਣਾ ਪਹਿਲਾ ਕਾਵਿ -ਸੰਗ੍ਰਹਿ "ਮਨ ਦੀਆਂ ਲਿਖਤਾਂ" ਲਿਖਿਆ ਜਿਸ ਨੂੰ 'ਇੰਡੀਆ ਬੁੱਕ ਆਫ਼ ਰਿਕਾਰਡਜ਼' ਵੱਲੋਂ 2020-2021 ਦੌਰਾਨ ਸਨਮਾਨ ਵੀ ਮਿਲਿਆ ਸੀ।ਉਸ ਅੱਗੇ ਦੱਸਿਆ ਕਿ ਉਸ ਦੀ ਇਸ ਪਲੇਠੇ ਕਾਵਿ ਸੰਗ੍ਰਹਿ ਨੂੰ ਪੰਜਾਬੀ ਸਿਨੇਮਾ ਦੇ ਹਸਤਾਖਰ ਸ੍ਰੀ ਭਾਰਤ ਭੂਸ਼ਣ ਵਰਮਾ ਅਤੇ ਸਰਦਾਰ ਸ਼ਵਿੰਦਰ ਸਿੰਘ ਮਾਹਲ ਸਾਹਿਬ ਨੇ ਭਰਵੇਂ ਇਕੱਠ ਵਿੱਚ ਸ਼ਮੂਲੀਅਤ ਕਰਦਿਆਂ ਇਸ ਕਿਤਾਬ ਨੂੰ ਲੋਕ ਅਰਪਣ ਕੀਤਾ ਸੀ।

ਸ਼ਮਸ਼ੀਲ ਸੋਢੀ ਅਨੁਸਾਰ ਉਸ ਦੀ ਜ਼ਿੰਦਗੀ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਉਸ ਦੇ ਪਿਤਾ ਜੀ ਦੇ ਨਾਲ਼- ਨਾਲ਼ ਮਨਭਾਉਂਦੇ ਅਧਿਆਪਕ ਅਤੇ ਸ਼ਾਇਰ ਸਤੀਸ਼ ਬੇਦਾਗ਼ ਅਤੇ ਉਸਤਾਦ ਬਲਕਾਰ ਸਿੰਘ ਸਿੱਧੂ ਨੇ ਉਸ ਦੇ ਪਹਿਲੇ ਕਾਵਿ ਸੰਗ੍ਰਹਿ ਤੋਂ ਬਾਅਦ ਉਸ ਦੀ ਇਸ ਰਚਨਾਤਮਕ ਯਾਤਰਾ ਵਿੱਚ ਇਹਨਾਂ ਦੋਵਾਂ ਸਖਸ਼ੀਅਤਾਂ ਅਹਿਮ ਭੂਮਿਕਾ ਨਿਭਾਉਂਦੇ ਹੋਏ ਕੋਈ ਕਸਰ ਨਾ ਛੱਡੀ। ਸ਼ਮਸ਼ੀਲ ਅਨੁਸਾਰ "ਜੇ ਗੁਰੂ ਜਾਂ ਉਸਤਾਦ ਵਿਦਿਆਰਥੀ ਨੂੰ ਸਹੀ ਦਿਸ਼ਾ ਦਿਖਾਏ, ਤਾਂ ਉਸ ਵਿਦਿਆਰਥੀ ਦੀ ਕਲਮ ਖ਼ੁਦ ਹੀ ਆਪਣਾ ਰਸਤਾ ਬਣਾ ਲੈਂਦੀ ਹੈ।"ਇਹੀ ਕਾਰਨ ਹੈ ਕਿ ਉਨ੍ਹਾਂ ਦੀ ਹਰ ਰਚਨਾ ਵਿੱਚ ਜੀਵਨ ਦੇ ਤਜ਼ਰਬਿਆਂ ਦੀ ਖ਼ੁਸ਼ਬੂ ਹੈ।

ਉਸ ਨੇ ਅੱਗੇ ਦੱਸਿਆ ਕਿ ਉਸ ਨੇ ਅਧਿਆਪਕ ਵਜੋਂ ਚੰਡੀਗੜ੍ਹ ਵਿਖੇ ਕੰਮ ਕਰਦਿਆਂ ਪ੍ਰਾਈਵੇਟ ਅਦਾਰਿਆਂ ਵੱਲੋਂ ਸਮੇਂ- ਸਮੇਂ ਤੇ ਅਯੋਜਿਤ ਕੀਤੇ ਮੁਕਾਬਲਿਆਂ ਵਿੱਚ ਭਾਗ ਲੈਂਦਿਆਂ ਇਨਾਮ ਦੇ ਰੂਪ ਵਿੱਚ ਸਰਟੀਫ਼ਿਕੇਟ ਅਤੇ ਸਨਮਾਨ -ਚਿੰਨ੍ਹ ਵੀ ਹਾਸਿਲ ਕੀਤੇ ਨੇ।ਉਹ ਦੱਸਦਾ ਹੈ ਕਿ ਹੁਣ ਉਸ ਦੀ ਅਗਲੀ ਕਿਤਾਬ ਵਾਰਤਕ ਵਿੱਚ ਹੋਵੇਗੀ।

ਆਪਣੀ ਗੱਲ ਨੂੰ ਅੱਗੇ ਤੋਰਦਿਆਂ ਉਹ ਆਖਦਾ ਹੈ ਕਿ ਰੱਬ ਕਰੇ,ਉਹ ਸਮਾਂ ਜਲਦੀ ਆਵੇ ਜਦੋਂ ਮੰਗਤ ਰਾਏ ਗਰਗ ਬਾਈ ਜੀ,ਉਸ ਸਮੇਂ ਦੌਰਾਨ ਮੈਨੂੰ ਅਸ਼ੀਰਵਾਦ ਦੇਣ ਵਾਲੀਆਂ ਸ਼ਖ਼ਸੀਅਤਾਂ ਦੀ ਮੂਹਰਲੀ ਕਤਾਰ ਵਿੱਚ ਸ਼ਮੂਲੀਅਤ ਕਰਦਿਆਂ ਆਪਣਾ ਹੱਥ ਮੇਰੇ ਸਿਰ ਤੇ ਰੱਖੋ।

ਸ਼ਮਸ਼ੀਲ ਸੋਢੀ ਸਿਰਫ਼ ਸ਼ਾਇਰ ਜਾਂ ਅਧਿਆਪਕ ਨਹੀਂ, ਸਗੋਂ ਕਦੇ- ਕਦਾਈਂ ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿੱਚੋਂ ਕੁਝ ਹਿੱਸਾ ਹਰ ਸਾਲ ਕੁਝ ਆਰਥਿਕ ਤੌਰ 'ਤੇ ਕੰਮਜ਼ੋਰ ਵਿਦਿਆਰਥੀਆਂ ਦੀ ਸਹਾਇਤਾ ਵੀ ਕਰਦਾ ਹੈ।

ਅੰਗਰੇਜ਼ੀ ਸਾਹਿਤ ਨਾਲ ਪਿਆਰ-

ਅਧਿਆਪਕ ਹੋਣ ਦੇ ਨਾਲ਼ ਨਾਲ਼ ਉਹ ਅੰਗਰੇਜ਼ੀ ਸਾਹਿਤ ਨੂੰ ਪੜ੍ਹਨ ਵਿੱਚ ਵੀ ਡੂੰਘੀ ਦਿਲਚਸਪੀ ਰੱਖਦੇ ਹੈ। ਉਹ ਵਿਲੀਅਮ ਏਅਰਜ਼ ਦੀ ਪੁਸਤਕ "To Teach – The Journey of a Teacher" ਦਾ ਜ਼ਿਕਰ ਕਰਦੇ ਹੋਏ ਕਹਿੰਦਾ ਹੈਕਿ

"ਇਕ ਚੰਗਾ ਅਧਿਆਪਕ ਉਹ ਨਹੀਂ ਜੋ ਸਿਰਫ਼ ਵਿਦਿਆਰਥੀ ਨੂੰ ਪੜ੍ਹਾਏ, ਸਗੋਂ ਉਸ ਦੇ ਦਿਲ ਨੂੰ ਛੂਹ ਲਵੇ।"

ਵਾਰਤਾਲਾਪ ਦੇ ਅੰਤਿਮ ਪੜਾਅ ਵੱਲ ਵਧਦਿਆਂ ਸ਼ਮਸ਼ੀਲ ਸੋਢੀ ਬੋਲਦਾ ਹੈ "ਮੈਂ ਸ਼ਬਦ ਨਹੀਂ ਲਿਖਦਾ, ਮੈਂ ਮਨੁੱਖੀ ਜਜ਼ਬਾਤ ਲਿਖਦਾ ਹਾਂ।"

ਦਿਲੋਂ ਕਾਮਨਾ ਹੈ ਕਿ ਇਹ ਨੌਜਵਾਨ ਸ਼ਾਇਰ ਤੇ ਅਧਿਆਪਕ ਹੋਰ ਵੀ ਉੱਚਾਈਆਂ ਛੂਹੇ ਅਤੇ ਆਪਣੀ ਕਲਮ ਨਾਲ਼ ਪੰਜਾਬੀ ਸਾਹਿਤ ਨੂੰ ਹੋਰ ਰੌਸ਼ਨ ਕਰੇ।

# ਮੈਂ ਨਫਰਤ ਦੀ ਪਾਤਰ ਹਾਂ




ਮੈਂ ਹਮੇਸ਼ਾਂ ਨਫਰਤ ਦੀ ਪਾਤਰ ਰਹੀ ਹਾਂ।
ਮੁਹੱਬਤ ਮੇਰੇ ਹਿੱਸੇ ਕਦੀ ਨਹੀਂ ਆਈ।

ਮੈਨੂੰ ਹਮੇਸ਼ਾਂ ਸ਼ੱਕ ਦੀ ਨਜ਼ਰ ਨਾਲ ਦੇਖਿਆ ਗਿਆ।

ਹਮੇਸ਼ਾਂ ਮੇਰੇ ਬਾਰੇ ਕੂੜ ਪ੍ਰਚਾਰ ਕੀਤਾ ਗਿਆ।

ਮੈਨੂੰ ਬਦਨਾਮ ਕਰਨ ਦੀ ਹਮੇਸ਼ਾਂ ਭਰਪੂਰ ਕੋਸ਼ਿਸ਼ ਕੀਤੀ ਗਈ।

ਮੈਨੂੰ ਹਮੇਸ਼ਾਂ ਨੀਵਾਂ ਦਿਖਾਇਆ ਗਿਆ।

ਮੈਨੂੰ ਹਮੇਸ਼ਾਂ ਅਹਿਸਾਸ ਕਰਵਾਇਆ ਗਿਆ ਕਿ ਮੈਂ ਘਟੀਆ ਹਾਂ।

ਮੈਂ ਨੀਚ ਹਾਂ।

ਮੈਨੂੰ ਹਮੇਸ਼ਾਂ ਨਾ-ਪਸੰਦ ਕੀਤਾ ਗਿਆ।

ਮੈਨੂੰ ਹਰ ਮੌਕੇ ਜਲੀਲ ਕਰਨ ਦੀ ਕੋਸ਼ਿਸ਼ ਕੀਤੀ ਗਈ।

ਗੰਦੇ ਤੋਂ ਗੰਦੇ ਅਲਫਾਜ਼ ਬੋਲੇ ਗਏ ਹਮੇਸ਼ਾਂ ਮੇਰੇ ਲਈ।

ਹੋਰ ਤਾਂ ਹੋਰ ਮੈਨੂੰ ਬਹੁਤ ਜਿਆਦਾ ਕੁੱਟਿਆ ਮਾਰਿਆ ਵੀ ਗਿਆ।

ਮੈਨੂੰ ਅੱਗ ਲਾ ਕੇ ਸਾੜਨ ਦੀ ਵੀ ਕੋਸ਼ਿਸ਼ ਕੀਤੀ ਗਈ।

ਮੈਨੂੰ ਚਾਕੂਆਂ ਨਾਲ ਗੋਦ ਕੇ ਮਾਰਨ ਦੀ ਵੀ ਕੋਸ਼ਿਸ਼ ਕੀਤੀ ਗਈ।

ਮੈਨੂੰ ਭਾਰੀ ਡੰਡਿਆਂ ਨਾਲ ਵੀ ਬੇਰਹਿਮੀ ਨਾਲ ਕੁੱਟਿਆ ਗਿਆ।

ਮੈਨੂੰ ਵਾਲਾਂ ਤੋਂ ਫੜ ਕੇ ਘੜੀਸਿਆ ਵੀ ਗਿਆ।

ਪੈਰਾਂ ਨਾਲ ਮੇਰੇ ਢਿੱਡ ਵਿੱਚ ਠੁੱਡ ਵੀ ਮਾਰੇ ਗਏ।

ਮੇਰੇ ਲੱਕ ਦੀ ਰੀੜ ਦੀ ਹੱਡੀ ਤੋੜਨ ਦੀ ਵੀ ਕੋਸ਼ਿਸ਼ ਕੀਤੀ ਗਈ।

ਮੇਰੇ ਪੈਰ ਤੋੜਨ ਦੀ ਵੀ ਕੋਸ਼ਿਸ਼ ਕੀਤੀ ਗਈ।
ਮੈਨੂੰ ਜਹਿਰ ਵੀ ਦਿੱਤਾ ਗਿਆ।

ਨਸ਼ੇ ਦੀਆਂ ਗੋਲੀਆਂ ਦੇ ਕੇ ਵੀ ਪਾਗਲ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ।

ਮੇਰੇ ਨਾਲ ਇਹ ਸਭ ਮੇਰੇ ਆਪਣਿਆਂ ਨੇ ਕੀਤਾ।

ਕਦੇ ਮੇਰੇ ਮਾਂ ਪਿਓ ਨੇ ਕੀਤਾ, ਕਦੇ ਮੇਰੇ ਭੈਣ ਭਰਾ ਨੇ ਕੀਤਾ, ਕਦੇ ਮੇਰੇ ਸੋਹਰੇ ਪਰਿਵਾਰ ਨੇ ਕੀਤਾ, ਕਦੇ ਮੇਰੇ ਘਰਵਾਲੇ ਨੇ ਕੀਤਾ, ਕਦੇ ਮੇਰੇ ਸੱਜਣਾ ਮਿੱਤਰਾਂ ਨੇ ਵੀ ਕੀਤਾ।

ਹੋਰ ਤਾਂ ਹੋਰ ਮੇਰੀ ਔਲਾਦ ਨੂੰ ਵੀ ਮੇਰੇ ਖਿਲਾਫ ਭੜਕਾਇਆ ਗਿਆ ਤਾਂ ਜੋ ਬੁੜਾਪੇ ਦਾ ਆਸਰਾ ਵੀ ਮੇਰਾ ਨਾ ਰਹੇ।
ਬੇਸ਼ੱਕ ਮੈਂ ਸੁਚੱਜੀ ਹਾਂ, ਬੇਸ਼ੱਕ ਮੈਂ ਘਰੇਲੂ ਕੰਮਾਂ ਵਿੱਚ ਨਿਪੁੰਨ ਹਾਂ, ਬੇਸ਼ੱਕ ਮੈਂ ਪੜ੍ਹਾਈ ਵਿੱਚੋਂ ਹੁਸ਼ਿਆਰ ਹਾਂ, ਬੇਸ਼ੱਕ ਮੈਂ ਸੁਨੱਖੀ ਹਾਂ, ਬੇਸ਼ੱਕ ਮੇਰੀ ਬਾਣੀ ਬਹੁਤ ਮਿੱਠੀ ਹੈ, ਬੇਸ਼ੱਕ ਮੈਨੂੰ ਪਾਉਣ ਲਾਉਣ ਦਾ ਸੁਚੱਜ ਹੈ, ਬੇਸ਼ੱਕ ਮੈਨੂੰ ਬੈਠਣ ਖੜੋਣ ਦਾ ਸਲੀਕਾ ਹੈ, ਬੇਸ਼ੱਕ ਮੈਂ ਉੱਚ ਵਿਦਿਆ ਹਾਂਸਲ ਕਰ ਲਈ ਹੈ, ਬੇਸ਼ੱਕ ਮੈਂ ਆਏ ਗਏ ਨਾਲ ਸੋਹਣਾ ਵਿਚਰਦੀ ਹਾਂ, ਬੇਸ਼ੱਕ ਮੈਂ ਕੰਮ ਕਾਜੀ ਹਾਂ, ਬੇਸ਼ੱਕ ਮੈਂ ਲੱਖਾਂ ਰੁਪਏ ਕਮਾਉਂਦੀ ਹਾਂ ਪਰ ਫਿਰ ਵੀ ਮੈਂ ਸਭ ਦੀ ਨਫਰਤ ਦੀ ਪਾਤਰ ਹਾਂ।

ਕਿਉਂ?

ਕਿਉਂਕਿ ਮੈਂ ਔਰਤ ਹਾਂ, ਮੈਂ ਸਭ ਦੀ ਗੁਲਾਮ ਹਾਂ।

ਮਾਂ ਪਿਓ ਦੀ ਗੁਲਾਮ ਹਾਂ, ਭੈਣ ਭਰਾ ਦੀ ਗੁਲਾਮ ਹਾਂ, ਘਰ ਵਾਲੇ ਦੀ ਗੁਲਾਮ ਹਾਂ, ਸਹੁਰੇ ਪਰਿਵਾਰ ਦੀ ਗੁਲਾਮ ਹਾਂ, ਰਿਸ਼ਤੇਦਾਰਾਂ ਦੀ ਗੁਲਾਮ ਹਾਂ, ਸੱਜਣਾ ਮਿੱਤਰਾਂ ਦੀ ਗੁਲਾਮ ਹਾਂ, ਆਪਣੇ ਨਾਲ ਕੰਮ ਕਾਜ ਕਰਨ ਵਾਲਿਆਂ ਦੀ ਗੁਲਾਮ ਹਾਂ, ਮੁਹਤਾਜ ਹਾਂ ਮੈਂ ਇਸ ਸਮਾਜ ਦੀ।

ਮੈਂ ਜਿਸ ਦੀ ਵੀ ਗੱਲ ਨਹੀਂ ਮੰਨੀ ਉਸਦੀਆਂ ਅੱਖਾਂ ਵਿੱਚ ਮੈਂ ਖਟਕਣ ਲੱਗ ਪਈ।

ਜਿਸ ਦੇ ਕਹੇ ਮੁਤਾਬਿਕ ਮੈਂ ਕੋਈ ਕੰਮ ਨਾ ਕੀਤਾ ਉਸਨੇ ਮੈਨੂੰ ਸਾਰੀ ਦੁਨੀਆ ਤੋਂ ਤੋੜਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ।

ਇਸ ਹੱਦ ਤੱਕ ਵੈਰ ਪੈ ਜਾਂਦਾ ਹੈ ਕਿ ਕੋਸ਼ਿਸ਼ ਇਹ ਕੀਤੀ ਜਾਂਦੀ ਹੈ ਕਿ ਕੋਈ ਵੀ ਮੈਨੂੰ ਨਾ ਬੁਲਾਏ।

ਕੋਈ ਵੀ ਮੇਰੇ ਨਾਲ ਸੰਪਰਕ ਨਾ ਕਰੇ, ਸਭ ਨਾਲ ਮੇਰੀ ਬੋਲ ਚਾਲ ਬੰਦ ਹੋ ਜਾਵੇ, ਮੈਂ ਇਕੱਲੀ ਰਹਿ ਜਾਵਾਂ।

ਮੈਨੂੰ ਇਕੱਲੀ ਦੇਖ ਕੇ ਵੀ ਖੁਸ਼ ਨਹੀਂ ਹੁੰਦੇ ਕਿਉਂਕਿ ਮੈਂ ਸੱਜਦੀ ਸਵਰਦੀ ਹਾਂ, ਮੈਂ ਹੱਸਦੀ ਖੇਡਦੀ ਹਾਂ, ਮੈਂ ਘੁੰਮਦੀ ਫਿਰਦੀ ਹਾਂ।

ਮੈਂ ਆਪਣੇ ਇਕੱਲੇਪਨ ਵਿੱਚ ਸਕੂਨ ਲੱਭ ਲਿਆ ਹੈ।
ਕਿਉਂਕਿ ਮੈਨੂੰ ਹਰ ਹੁਣ ਡਰ ਨਹੀਂ ਕੁਝ ਵੀ ਗਵਾਉਣ ਦਾ।

ਮੇਰੇ ਕੋਲ ਕੁਝ ਹੁਣ ਬਚਿਆ ਹੀ ਨਹੀਂ।

ਪਰ ਫਿਰ ਵੀ ਸ਼ਾਤਰ ਨਜ਼ਰਾਂ ਮੇਰੇ ਉੱਤੇ ਗੱਡੀਆਂ ਪਈਆਂ ਹਨ।

ਸ਼ਾਇਦ ਉਹਨਾਂ ਨੂੰ ਉਮੀਦ ਹੈ ਕਿੱਧਰੋਂ ਖੁਸ਼ੀਆਂ ਮੇਰੇ ਕੋਲ ਪਹੁੰਚ ਨਾ ਜਾਣ।

ਕੁਝ ਨਵੇਂ ਲੋਕ ਮੈਨੂੰ ਮੁਹੱਬਤ ਨਾ ਕਰ ਲੱਗ ਜਾਣ।

ਸਭ ਉਡੀਕ ਵਿੱਚ ਹਨ ਹੁਣ ਕੌਣ ਆਏਗਾ ਮੇਰੀ ਜ਼ਿੰਦਗੀ ਵਿੱਚ ਖੁਸ਼ੀਆਂ ਲੈ ਕੇ।

ਫਿਰ ਕਿਸ ਤਰ੍ਹਾਂ ਉਸਨੂੰ ਸਮਝਾਉਣਾ ਹੈ ਮੇਰੇ ਤੋਂ ਦੂਰ ਰਹਿਣ ਲਈ, ਮੈਨੂੰ ਛੱਡ ਕੇ ਚਲੇ ਜਾਣ ਲਈ, ਮੈਨੂੰ ਜਲੀਲ ਕਰਨ ਲਈ।
ਮੈਂ ਜਦੋਂ ਤੱਕ ਜਿੰਦਾ ਹਾਂ ਸਭ ਦੀਆਂ ਨਜ਼ਰਾਂ ਮੇਰੇ ਉੱਤੇ ਹੀ ਗੱਡੀਆਂ ਰਹਿਣੀਆਂ ਹਨ।

ਮੇਰੀ ਮੌਤ ਦਾ ਇੰਤਜ਼ਾਰ ਹੋ ਰਿਹਾ ਹੈ ਪਰ ਮੈਂ ਮਰ ਨਹੀਂ ਰਹੀ, ਮੈਨੂੰ ਮਰਦੀ ਨੂੰ ਦੇਖਣਾ ਚਾਹੁੰਦੇ ਹਨ ਸਭ।

ਮੈਂ ਪੜ੍ਹਾਂ ਲਿਖਾਂ ਪਰ ਆਪਣੇ ਮਾਂ ਪਿਓ ਨੂੰ ਪਰਾਊਡ ਫੀਲ ਕਰਵਾਉਣ ਲਈ।

ਮੈਂ ਸਜ਼ਾ ਸਵਰਾਂ ਪਰ ਆਪਣੇ ਘਰਵਾਲੇ ਦਾ ਇੱਕ ਸਟੇਟਸ ਸਿੰਬਲ ਬਣਾਉਣ ਲਈ।

ਮੈਂ ਕਮਾਈ ਕਰਾਂ ਪਰ ਸਿਰਫ ਘਰ ਦੇ ਜੀਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ।

ਜੇਕਰ ਇਹ ਸਭ ਮੈਂ ਆਪਣੇ ਲਈ ਸੋਚ ਕੇ ਕਰ ਰਹੀ ਹਾਂ ਤਾਂ ਮੈਂ ਗੁਨਾਹਗਾਰ ਹਾਂ।

ਮੈਂ ਸਜ਼ਾ ਦੀ ਹੱਕਦਾਰ ਹਾਂ।

ਅੱਜ ਦੇ ਸਮਾਜ ਵਿੱਚ ਵੀ ਬਹੁਤ ਸਾਰੀਆਂ ਔਰਤਾਂ ਇਹਨਾਂ ਹਾਲਾਤਾਂ ਵਿੱਚ ਹੀ ਜੀਅ ਰਹੀਆਂ ਹਨ।

ਔਰਤ ਹੋਣ ਦਾ ਖਮਿਆਜਾ ਭੁਗਤ ਰਹੀਆਂ ਹਨ।

ਪਰ ਉਨਾਂ ਸ਼ਖਸਿਅਤਾਂ ਉੱਪਰ ਮਾਣ ਹੈ ਜੋ ਔਰਤਾਂ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਅਤੇ ਸਾਰੇ ਹੱਕ ਦਿੰਦੇ ਹਨ।


ਉਹਨਾਂ ਦੀ ਕਦਰ ਕਰਦੇ ਹਨ।

ਉਹਨਾਂ ਦੇ ਵਜੂਦ ਨੂੰ ਸਮਝਦੇ ਹਨ।

ਉਹਨਾਂ ਨੂੰ ਕਦੇ ਇਕੱਲਾ ਨਹੀਂ ਛੱਡਦੇ।

ਉਹਨਾਂ ਦੀ ਅਹਿਮੀਅਤ ਨੂੰ ਸਮਝਦੇ ਹਨ।

# ਜਸਵੰਤ ਗਿੱਲ ਸਮਾਲਸਰ ਦਾ ਕਾਵਿ ਸੰਗ੍ਰਹਿ 'ਜ਼ਿੰਦਗੀ ਦੇ ਪਰਛਾਵੇਂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ







ਜਸਵੰਤ ਗਿੱਲ ਸਮਾਲਸਰ ਦਾ ਪਲੇਠਾ ਕਾਵਿ ਸੰਗ੍ਰਹਿ 'ਜ਼ਿੰਦਗੀ ਦੇ ਪਰਛਾਵੇਂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਹੈ। ਇਸ ਕਾਵਿ ਸੰਗ੍ਰਹਿ ਵਿੱਚ 68 ਖੁਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ। ਸ਼ਾਇਰ ਆਪਣੀ ਕਵਿਤਾ ਵਿੱਚ ਖੁਦ ਲਿਖਦਾ ਹੈ ਕਿ ਅਜਿਹੀ ਕਵਿਤਾ ਸਾਰਥਿਕ ਨਹੀਂ ਹੋ ਸਕਦੀ, ਜਿਸਦਾ ਲੋਕਾਈ ਨੂੰ ਕੋਈ ਲਾਭ ਨਾ ਹੋਵੇ ਤੇ ਲੋਕਾਂ ਨੂੰ ਆਪਣੇ ਹੱਕਾਂ ਲਈ ਜਾਗ੍ਰਤ ਨਾ ਕਰਦੀ ਹੋਵੇ। ਉਹ ਪਿਆਰ ਦੀਆਂ ਪੀਂਘਾਂ ਪਾਉਣ ਵਾਲੀਆਂ ਕਵਿਤਾਵਾਂ ਨੂੰ ਲੋਕ ਹਿੱਤ ਦੀਆਂ ਨਹੀਂ ਸਮਝਦਾ। ਜਸਵੰਤ ਗਿੱਲ ਸਮਾਲਸਰ ਦੀਆਂ ਇਸ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਲੋਕਾਂ ਦੇ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ। ਉਹ ਸੰਵੇਦਨਸ਼ੀਲ ਕਵੀ ਹੈ। ਸਿਆਸਤਦਾਨਾ ਨੇ ਧਰਮ ਦੇ ਹਥਿਆਰ ਰਾਹੀਂ ਲੋਕਾਂ ਦੇ ਹੱਕਾਂ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਹੈ। ਧਰਮ ਜੀਵਨ ਜਾਚ ਨਹੀ, ਸਗੋਂ ਕਰਮ ਕਾਂਡ ਬਣ ਗਿਆ ਹੈ। ਇਸ ਕਾਵਿ ਸੰਗ੍ਰਹਿ ਵਿੱਚੋਂ ਕਵੀ ਦੀ ਵਿਚਾਰਧਾਰਾ ਪ੍ਰਤੱਖ ਰੂਪ ਵਿੱਚ ਵਿਖਾਈ ਦਿੰਦੀ ਹੈ। ਕਵੀ ਬਹੁਤੀਆਂ ਕਵਿਤਾਵਾਂ ਵਿੱਚ ਸਮਾਜ ਦੇ ਦੱਬੇ ਕੁਚਲੇ ਕਿਰਤੀਆਂ, ਕਾਮਿਆਂ, ਇਸਤਰੀਆਂ, ਮਜ਼ਦੂਰਾਂ ਤੇ ਮਿਹਨਤਕਸ਼ਾਂ ਨੂੰ ਲਾਮਬੰਦ ਹੋ ਕੇ ਇਨਕਲਾਬ ਲਿਆਉਣ ਦੀ ਪ੍ਰੇਰਨਾ ਦਿੰਦਾ ਰਹਿੰਦਾ ਹੈ। ਉਸ ਦੀਆਂ ਕਵਿਤਾਵਾਂ ਸਮਾਜਿਕਤਾ ਦੀ ਗੱਲ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦੇ ਵਿਸ਼ੇ ਨਸ਼ੇ, ਕਿਸਾਨੀ ਖ਼ੁਦਕਸ਼ੀਆਂ, ਸਿਆਸਤਦਾਨਾ ਦੀਆਂ ਫ਼ਿਰਕੂ ਨੀਤੀਆਂ, ਬੇਰੋਜ਼ਗਾਰੀ, ਭ੍ਰਿਸ਼ਟਾਚਾਰ, ਲਾਲਚ, ਧੋਖੇ, ਝੂਠੇ ਪੁਲਿਸ ਮੁਕਾਬਲੇ, ਪ੍ਰਸ਼ਾਸ਼ਨਿਕ ਮਸ਼ੀਨਰੀ ਸਰਕਾਰ ਦੀ ਕਠਪੁਤਲੀ, ਗਰਭਪਾਤ, ਸਰਮਾਏਦਾਰੀ, ਲੁੱਟ ਘਸੁੱਟ, ਪਰਿਵਾਰਿਕ ਰਿਸ਼ਤਿਆਂ ਵਿੱਚ ਖਟਾਸ, ਜ਼ੁਲਮ, ਪੁਲਿਸ ਵਧੀਕੀਆਂ, ਔਰਤ ਦੀ ਜ਼ਬਤ ਵਿੱਚ ਰਹਿੰਦਿਆਂ ਆਜ਼ਾਦੀ, ਧਾਰਮਿਕ ਕੁਰੀਤੀਆਂ, ਪਖੰਡਵਾਦ, ਜ਼ਾਤ ਪਾਤ, ਮਹੰਤਵਾਦ, ਪੁਜਾਰੀਵਾਦ, ਰੂੜੀਵਾਦ, ਅੰਧਵਿਸ਼ਵਾਸ ਅਤੇ ਲੋਕਤੰਤਰ ਦੀ ਦੁਰਵਰਤੋਂ ਆਦਿ ਹਨ। ਭਾਵੇਂ ਸਾਰੇ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਹਾਮੀ ਲੇਖਕਾਂ ਨੇ ਜਿਹੜੇ ਵਿਸ਼ੇ ਚੁਣੇ ਹਨ, ਉਹ ਹੀ ਜਸਵੰਤ ਗਿੱਲ ਸਮਾਲਸਰ ਨੇ ਚੁਣੇ ਹਨ, ਪ੍ਰੰਤੂ ਉਸਦਾ ਇਨ੍ਹਾਂ ਵਿਸ਼ਿਆਂ ਬਾਰੇ ਕਵਿਤਾ ਲਿਖਣ ਦਾ ਅੰਦਾਜ਼ ਬਾਕੀ ਸਾਰੇ ਸ਼ਾਇਰਾਂ ਨਾਲੋਂ ਵੱਖਰਾ ਹੈ। ਉਸਨੇ ਸਵਾਲ ਜਵਾਬ ਦੀ ਤਕਨੀਕ ਨਾਲ ਵੰਗਾਰਦੀਆਂ ਕਵਿਤਾਵਾਂ ਲਿਖੀਆਂ ਹਨ। ਸਰਕਾਰਾਂ ਵੱਲੋਂ ਪ੍ਰਗਤੀਸ਼ਲ ਚਿੰਤਕਾਂ ਨਾਲ ਕੀਤੀਆਂ ਗਈਆਂ ਅਣਮਨੁੱਖੀ ਹਰਕਤਾਂ ਕਰਕੇ ਉਸਨੇ ਆਪਣੀਆਂ ਕਵਿਤਾਵਾਂ ਵਿੱਚ ਚਿੰਤਾ ਪ੍ਰਗਟ ਕੀਤੀ ਹੈ। ਸਰਕਾਰ ਬੁਧੀਜੀਵੀਆਂ ਦੀ ਆਵਾਜ਼ ਦਬਾਉਣੀ ਚਾਹੁੰਦੀ ਹੈ, ਕਲਮਕਾਰਾਂ ਨੂੰ ਦੇਸ਼ ਧ੍ਰੋਹੀ, ਕਿਸਾਨਾਂ ਨੂੰ ਅਤਵਾਦੀ ਤੇ ਮਜ਼ਦੂਰਾਂ ਨੂੰ ਨਕਸਲਵਾਦੀ ਗਰਦਾਨਕੇ ਭੰਡਿਆ ਜਾ ਰਿਹਾ। ਉਸਦੀ ਕਵਿਤਾ ਕਿਸੇ ਹੋਰ ਸ਼ਾਇਰ ਦੇ ਪ੍ਰਭਾਵ ਅਧੀਨ ਨਹੀਂ ਲਿਖੀ ਗਈ, ਸਗੋਂ ਉਸਨੇ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਪੜ੍ਹਕੇ ਪਾਠਕ ਅੰਦਰ ਸਮਾਜਿਕ ਕੁਰੀਤੀਆਂ ਵਿਰੁੱਧ ਆਵਾਜ਼ ਉਠਾਉਣ ਲਈ ਇਕੱਲੀ ਜਾਗ੍ਰਤੀ ਹੀ ਪੈਦਾ ਨਹੀਂ ਹੁੰਦੀ, ਸਗੋਂ ਇਨਕਲਾਬ ਲਿਆਉਣ ਲਈ ਜੋਸ਼ ਵੀ ਪੈਦਾ ਹੁੰਦਾ ਹੈ। ਕਾਵਿ ਸੰਗ੍ਰਹਿ ਦੀ ਪਹਿਲੀ 'ਮੇਰੀ ਕਵਿਤਾ' ਦੇ ਸਿਰਲੇਖ ਵਾਲੀ ਕਵਿਤਾ ਵਿੱਚ ਹੀ ਕਵੀ ਕਵਿਤਾ ਨੂੰ ਲੋਕਾਂ ਹਿੱਤਾਂ ਦੀ ਪਹਿਰੇਦਾਰ ਵਜੋਂ ਪੇਸ਼ ਕਰਦਾ ਹੈ। 'ਕਵਿਤਾ ਦੀ ਤਾਕਤ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦਾ ਹੈ ਕਿ ਕਵਿਤਾ ਵਿੱਚ ਅਥਾਹ ਸ਼ਕਤੀ ਹੁੰਦੀ ਹੈ, ਜਿਹੜੀ ਇਨਸਾਨ ਦੀ ਜ਼ਿੰਦਗੀ ਤੇ ਰਾਜ ਭਾਗ ਬਦਲ ਸਕਦੀ ਹੈ। 'ਇਨਕਲਾਬ ਦੇ ਨਾਅਰੇ' ਸਿਰਲੇਖ ਵਾਲੀ ਕਵਿਤਾ ਵਿੱਚ ਪੰਜਾਬੀ ਭਾਸ਼ਾ ਦੀ ਅਣਵੇਖੀ ਲਈ, ਪੰਜਾਬੀ ਖਾਸ ਤੌਰ 'ਤੇ ਉਨ੍ਹਾਂ ਦੇ ਮਾਪੇ ਜ਼ਿੰਮੇਵਾਰ ਹਨ, ਜਿਹੜੇ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਕੇ ਮਾਂ ਦੇ ਦੁੱਧ ਨੂੰ ਦਾਗ਼ ਲਾਉਂਦੇ ਹਨ। ਇਸ ਕਵਿਤਾ ਵਿੱਚ ਕਵੀ ਨੇ ਪੁਰਸਕਾਰ ਪ੍ਰਾਪਤ ਕਰਨ ਵਾਲੇ ਮਾਂ ਬੋਲੀ ਦੇ ਸਾਹਿਤਕਾਰਾਂ ਨੂੰ ਵੀ ਤਿੱਖੇ ਤੀਰ ਮਾਰੇ ਹਨ, ਕਿਉਂਕਿ ਉਹ ਮਾਮੂਲੀ ਪੁਰਸਕਾਰਾਂ ਲਈ ਆਪਣੀ ਜ਼ਮੀਰ ਵੇਚ ਦਿੰਦੇ ਹਨ। 'ਵਕਤ ਦੇ ਬਦਲਾਅ' ਵਾਲੀ ਕਵਿਤਾ ਵਿੱਚ ਕਵੀ ਲਿਖਦਾ ਹੈ ਕਿ ਸਮੇਂ ਦੀ ਤਬਦੀਲੀ ਨਾਲ ਗ਼ਰੀਬਾਂ ਦੇ ਬੱਚੇ ਹੁਣ ਪਿਤਾ ਪੁਰਖੀ ਕੰਮ ਸਰਮਾਏਦਾਰਾਂ ਦੀ ਗ਼ੁਲਾਮੀ ਕਰਕੇ ਨਹੀਂ ਕਰਨਗੇ, ਕਿਉਂਕਿ ਉਹ ਹੁਣ ਪੜ੍ਹ ਲਿਖਕੇ ਜਾਗ੍ਰਤ ਹੋ ਗਏ ਹਨ। ਉਹ ਸਮਾਜ ਦੇ ਦੱਬੇ ਕੁਚਲੇ ਵਰਗਾਂ ਦੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਦਾ ਹੈ। 'ਲਲਕਾਰ' ਕਵਿਤਾ ਕਿਸਾਨੀ ਅੰਦਲਨ ਦੇ ਪ੍ਰਤੀਕਰਮ ਵੱਜੋਂ ਲਿਖੀ ਗਈ ਹੈ, ਜਿਸ ਵਿੱਚ ਸ਼ਾਇਰ ਕਿਸਾਨਾਂ ਤੇ ਮਜ਼ਦੂਰਾਂ ਦੀ ਏਕਤਾ ਦੇ ਫ਼ੈਸਲੇ ਦੀ ਵਕਾਲਤ ਕਰਦਾ ਹੈ ਤਾਂ ਜੋ ਸਰਕਾਰਾਂ ਦੇ ਮਨਸੂਬੇ ਪੂਰੇ ਨਾ ਹੋ ਸਕਣ। 'ਤਹਿਜ਼ੀਬ' ਕਵਿਤਾ ਸਰਮਾਏਦਾਰਾਂ ਅਰਥਾਤ ਵੱਡੇ ਘਰਾਂ ਦੇ ਕਾਕਿਆਂ ਦੀਆਂ ਬਲਾਤਕਾਰ ਅਤੇ ਲੁੱਟਾਂ ਖੋਹਾਂ ਵਰਗੀਆਂ ਵਾਰਦਾਤਾਂ ਦਾ ਜ਼ਿਕਰ ਕਰਦਾ ਕਵੀ ਕਹਿੰਦਾ ਹੈ ਕਿ ਮਾਪਿਆਂ ਦਾ ਕਸੂਰ ਹੈ ਕਿ ਉਹ ਆਪਣੀ ਔਲਾਦ ਨੂੰ ਤਹਿਜ਼ੀਬ ਨਹੀਂ ਦੇ ਸਕੇ। ਉਨ੍ਹਾਂ ਤਹਿਜ਼ੀਬ ਨੂੰ ਹੋਰ ਰੰਗਤ ਦੇ ਦਿੱਤੀ ਹੈ। 'ਸਾਲ ਗ਼ਰੀਬੀ ਦੇ' ਕਵਿਤਾ ਅਜੋਕੀ ਨੌਜਵਾਨ ਪੀੜ੍ਹੀ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੇ ਮਾਪਿਆਂ ਨੇ ਕਿਤਨੀ ਮਿਹਨਤ ਕਰਕੇ ਪਾਲਿਆ ਹੈ, ਉਨ੍ਹਾਂ ਦੀ ਮਿਹਨਤ ਦਾ ਮੁੱਲ ਪਾਉਣਾ ਔਲਾਦ ਦੀ ਜ਼ਿੰਮੇਵਾਰੀ ਹੈ। ਜਸਵੰਤ ਗਿੱਲ ਸਮਾਲਸਰ ਦੀਆਂ ਕਵਿਤਾਵਾਂ ਕਹਿੰਦੀਆਂ ਹਨ, ਜ਼ਿੰਦਗੀ ਆਪਣੇ ਹੱਕ ਪ੍ਰਾਪਤ ਕਰਨ ਲਈ ਹੁੰਦੀ ਹੈ, ਡਰਨ ਦੀ ਲੋੜ ਨਹੀਂ, ਕਿਉਂਕਿ ਡਰ ਕੇ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਸਰਕਾਰਾਂ ਦੇ ਵਾਅਦੇ ਵਫ਼ਾ ਨਹੀ ਹੁੰਦੇ, ਪ੍ਰੰਤੂ ਸ਼ਬਦ ਤਬਦੀਲੀ ਦੇ ਲਖਾਇਕ ਹੁੰਦੇ ਹਨ, ਔਰਤ ਗ਼ੁਲਾਮ ਨਹੀਂ ਅਤੇ ਨਾ ਹੀ ਕੈਦ ਕੀਤੀ ਜਾ ਸਕਦੀ ਹੈ, ਪ੍ਰੰਤੂ ਔਰਤ ਦੀ ਆਜ਼ਾਦੀ ਜ਼ਬਤ ਵਿੱਚ ਰਹਿਕੇ ਹੋਣੀ ਚਾਹੀਦੀ ਹੈ, ਕਿਉਂਕਿ ਭੇੜੀਆ ਰੂਪੀ ਲੋਕ ਜੰਗਲ ਰਾਜ ਵਿੱਚ ਵਸਦੇ ਹਨ, ਮਰਦ ਔਰਤ ਦੀ ਸਰੀਰਕ ਸੁੰਦਰਤਾ ਦਾ ਮੁੱਦਈ ਹੁੰਦਾ, ਪ੍ਰੰਤੂ ਸੂਰਤ ਨਾਲੋਂ ਸੀਰਤ ਬਿਹਤਰੀਨ ਹੁੰਦੀ ਹੈ। ਘਰਾਂ ਵਿੱਚ ਟੈਲੀਵਿਜਨਾ 'ਤੇ ਆਉਣ ਵਾਲੇ ਪ੍ਰੋਗਰਾਮਾਂ ਨੂੰ ਨੰਗੇਜ਼ਬਾਦ ਕਿਹਾ ਜਾਂਦਾ ਹੈ, ਜਦੋਂਕਿ ਹੋਟਲਾਂ ਵਿੱਚ ਦੇਹ ਵਿਓਪਾਰ ਹੋ ਰਹੇ ਹਨ, ਰੁੱਖਾਂ ਨੂੰ ਕੱਟਕੇ ਮਨੁੱਖ ਆਪਣੀਆਂ ਜੜਾਂ ਕੱਟ ਰਿਹਾ ਹੁੰਦੈ, ਬਰਸਾਤ ਅਮੀਰਾਂ ਲਈ ਵਰਦਾਨ, ਪ੍ਰੰਤੂ ਗ਼ਰੀਬਾਂ ਲਈ ਸਰਾਪ ਅਤੇ ਨਿੱਜ ਨਾਲੋਂ ਜਮਾਤੀ ਹੱਕਾਂ ਲਈ ਲੜਨ ਨੂੰ ਪਹਿਲ ਦੇਣੀ ਚਾਹੀਦੀ ਹੈ ਆਦਿ। 'ਭਾਰਤ ਮਹਾਨ' ਸਿਰਲੇਖ ਵਾਲੀ ਕਵਿਤਾ ਵਿੱਚ ਸਰਕਾਰ ਵੱਲੋਂ ਭਾਰਤ ਨੂੰ ਮਹਾਨ ਤਾਂ ਕਿਹਾ ਜਾਂਦਾ ਹੈ, ਪ੍ਰੰਤੂ ਇਹ ਖੋਖਲਾ ਨਾਅਰਾ ਹੈ, ਆਤਮ ਹੱਤਿਆਵਾਂ, ਬਲਾਤਕਾਰ, ਜ਼ਾਤਪਾਤ, ਪਹਿਲਵਾਨ ਇਸਤਰੀਆਂ ਦਾ ਸਰੀਰਕ ਸ਼ੋਸ਼ਣ, ਮਣੀਪੁਰ ਕਤਲੇਆਮ, ਆਦਿ ਆਮ ਹੋ ਰਹੇ ਹਨ, ਫਿਰ ਭਾਰਤ ਮਹਾਨ ਕਿਵੇਂ? ਇਹ ਸਾਰਾ ਕੁਝ ਹੋਣ 'ਤੇ ਵਿਸ਼ਵਗੁਰੂ ਸ਼ਰਮਿੰਦਾ ਨਹੀਂ ਹੁੰਦਾ। ਇਨਸਾਨ ਨੂੰ ਸੁਪਨੇ ਸਿਰਜਦੇ ਰਹਿਣਾ ਚਾਹੀਦਾ ਹੈ। ਸੋਨੇ ਦੇ ਚਮਚਿਆਂ ਨੂੰ ਵਰਤਣ ਵਾਲਿਆਂ ਨੂੰ ਠੂਠੇ ਫੜਨੇ ਪੈਣਗੇ, ਕਿਉਂਕਿ ਜ਼ਿੰਦਗੀ ਦੇ ਨੰਗੇ ਨਾਚ ਹੋ ਰਹੇ ਹਨ, ਸਰਕਾਰਾਂ ਦਾ ਖ਼ੂਨ ਪਾਣੀ ਬਣ ਗਿਆ, ਮਿਹਨਤ ਦਾ ਮੁੱਲ ਨਹੀਂ ਮਿਲਦਾ, ਇੱਕ ਸ਼ਬਦ ਵੀ ਹਮਦਰਦੀ ਦਾ ਨਹੀਂ ਬੋਲ ਰਹੇ, ਮੀਡੀਆ ਸਰਕਾਰ ਦੀ ਬੋਲੀ ਬੋਲ ਰਿਹਾ, ਸਵਰਗ ਨਰਕ ਦੇ ਲਾਰੇ ਨਹੀਂ ਚਲਣਗੇ, ਹੁਣ ਤਾਂ ਲੋਹੜੀ ਵਰਗੇ ਤਿਓਹਾਰ ਭ੍ਰਿਸ਼ਟਚਾਰ ਖ਼ਤਮ ਕਰਨ ਤੇ ਸਰਕਾਰਾਂ ਬਦਲਣ ਲਈ ਮਨਾਉਣੇ ਪੈਣਗੇ। ਆਜ਼ਾਦੀ ਤਾਂ ਪ੍ਰਾਪਤ ਕਰ ਲਈ ਪ੍ਰੰਤੂ ਉਸ ਦੀਆਂ ਬਰਕਤਾਂ ਦੀ ਉਡੀਕ ਲਗਾਤਾਰ ਜ਼ਾਰੀ ਹੈ। ਧੀਆਂ ਦੇ ਜੰਮਣ ਨੂੰ ਬੁਰਾ ਸਮਝਿਆ ਜਾ ਰਿਹਾ ਹੈ। ਸ਼ਾਇਰ ਸਮਾਜਿਕ ਤਾਣੇ ਬਾਣੇ ਵਿੱਚ ਵਾਪਰ ਰਹੀਆਂ ਅਲਾਮਤਾਂ ਨੂੰ ਬੰਦ ਕਰਨ ਲਈ ਨੌਜਵਾਨੀ ਨੂੰ ਅੱਗੇ ਆ ਕੇ ਅਗਵਾਈ ਕਰਨ ਦੀ ਵਕਾਲਤ ਕਰਦਾ ਹੈ। ਇਸ ਮੰਤਵ ਲਈ ਚੰਗਾ ਉਸਾਰੂ ਸਾਹਿਤ ਸਾਹਿਤਕਾਰਾਂ ਨੂੰ ਲਿਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸਦੇ ਨਾਲ ਹੀ ਉਹ ਭਾਰਤ ਦੇ ਸੰਵਿਧਾਨ ਵਿੱਚ ਲਿਖੇ ਗਏ ਸਿਧਾਂਤਾਂ 'ਤੇ ਅਮਲ ਨਾ ਕਰਨ ਤੋਂ ਦੁੱਖੀ ਵੀ ਹੈ। ਦੇਸ਼ ਵਿੱਚ ਚੰਗੀ ਪ੍ਰਸ਼ਾਸ਼ਨਿਕ ਪ੍ਰਣਾਲੀ ਦੀ ਅਣਹੋਂਦ ਰੜਕਦੀ ਮਹਿਸੂਸ ਕਰ ਰਿਹਾ ਹੈ, ਕਿਉਂਕਿ ਸਰਕਾਰੀ ਦਖ਼ਲਅੰਦਾਜ਼ੀ ਕਰਕੇ ਲੋਕਾਈ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਲੋਕਾਂ ਦੇ ਚਾਅ ਅਤੇ ਖੁਹਾਇਸ਼ਾਂ ਪਰ ਲਾ ਕੇ ਉਡ ਗਈਆਂ ਹਨ, ਕਿਉਂਕਿ ਉਨ੍ਹਾਂ ਦੇ ਪੂਰਾ ਹੋਣ ਦੀ ਉਮੀਦ ਹੀ ਖ਼ਤਮ ਹੋ ਗਈ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਸ਼ਾਇਰ ਇੱਕਮਤ ਹੋ ਕੇ ਬਗਾਬਤ ਕਰਨ ਲਈ ਪ੍ਰੇਰਨਾ ਦਿੰਦਾ ਹੈ। ਦੇਸ਼ ਦੀ ਵੰਡ ਸਮੇਂ ਹੈਵਾਨੀਅਤ ਦੇ ਹੋਏ ਨੰਗ ਨਾਚ ਨੇ ਮਨੁੱਖਤਾ ਨੂੰ ਤਾਰ-ਤਾਰ ਕਰ ਦਿੱਤਾ ਸੀ। ਪਰਵਾਸ ਦੀ ਸਮੱਸਿਆ ਵੀ ਸਾਡੀ ਨੌਜਵਾਨੀ ਨੂੰ ਨੁਕਸਾਨ ਪਹੁੰਚਾ ਰਹੀ ਹੈ। ਪਿੱਛੇ ਮਾਪੇ, ਵਿਆਹੀਆਂ ਔਰਤਾਂ ਅਤੇ ਨਿੱਕੇ-ਨਿੱਕੇ ਬੱਚਿਆਂ ਦੀਆਂ ਉਡੀਕ ਕਰਦਿਆਂ ਅੱਖਾਂ ਥੱਕ ਜਾਂਦੀਆਂ ਹਨ। ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਇਸ ਕਾਵਿ ਸੰਗ੍ਰਹਿ ਵਿੱਚ ਜਸਵੰਤ ਗਿੱਲ ਸਮਾਲਸਰ ਆਪਣੀਆਂ ਕਵਿਤਾਵਾਂ ਰਾਹੀਂ ਪੰਜਾਬ ਦੀ ਗੰਭੀਰ ਸਮਾਜਿਕ, ਆਰਥਿਕ, ਸਭਿਆਚਾਰਕ ਅਤੇ ਭਾਈਚਾਰਕ ਸਥਿਤੀ ਦਾ ਸੁਚੱਜੇ ਢੰਗ ਨਾਲ ਦ੍ਰਿਸ਼ਟਾਂਤਿਕ ਰੂਪ ਵਿੱਚ ਵਰਣਨ ਕਰਕੇ ਪੰਜਾਬੀਆਂ ਨੂੰ ਆਪਣੇ ਹੱਕਾਂ ਲਈ ਇੱਕਮੁੱਠ ਹੋ ਕੇ ਜਦੋਜਹਿਦ ਕਰਨ ਲਈ ਉਤਸ਼ਾਹਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ।

**128 ਪੰਨਿਆਂ, 250 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਪ੍ਰੀਤ ਪਬਲੀਕੇਸ਼ਨ ਨਾਭਾ ਨੇ ਪ੍ਰਕਾਸ਼ਤ ਕੀਤਾ ਹੈ।**
**ਸੰਪਰਕ: ਜਸਵੰਤ ਗਿੱਲ ਸਮਲਸਰ: 9780451878**